# ਇਕੱਠੇ ਵਧੇਰੇ ਸੁਰੱਖਿਅਤ:

## ਆਸਟ੍ਰੇਲੀਆ ਅਤੇ ਲੁਟਰੁਵਿਟਾ/ਤਸਮਾਨੀਆ ਵਿੱਚ LGBTIQA+ ਲੋਕਾਂ ਲਈ ਅਧਿਕਾਰਾਂ ਅਤੇ ਕਾਨੂੰਨੀ ਸੁਰੱਖਿਆਵਾਂ ਲਈ ਗਾਈਡ

LGBTIQA+ ਵਿਭਿੰਨ ਲਿੰਗ ਅਤੇ ਜਿਨਸੀ ਰੁਝਾਨ, ਅਤੇ ਲਿੰਗ ਵਿਸ਼ੇਸ਼ਤਾਵਾਂ ਦੀਆਂ ਸਹਿਜ ਭਿੰਨਤਾਵਾਂ ਨੂੰ ਦਰਸਾਉਂਦਾ ਹੈ। ਆਪਣੀ ਭਾਸ਼ਾ ਵਿੱਚ LGBTIQA+ ਸ਼ਬਦਾਵਲੀ ਬਾਰੇ ਹੋਰ ਜਾਣਨ ਲਈ QR ਕੋਡ ਨੂੰ ਸਕੈਨ ਕਰੋ ਜਾਂ www.agmc.org.au/resources-support/lgbtiq_terminology 'ਤੇ ਜਾਓ।

**ਆਸਟ੍ਰੇਲੀਆ ਵਿੱਚ, ਕਿਸੇ ਨਾਲ ਉਸਦੇ ਜਿਨਸੀ ਰੁਝਾਨ, ਲਿੰਗ ਪਛਾਣ ਅਤੇ ਪ੍ਰਗਟਾਵੇ, ਜਾਂ ਲਿੰਗ ਵਿਸ਼ੇਸ਼ਤਾਵਾਂ ਦੇ ਕਾਰਨ ਅਣਉਚਿਤ ਜਾਂ ਬੁਰਾ ਵਿਵਹਾਰ ਕਰਨਾ ਕਾਨੂੰਨ ਦੇ ਵਿਰੁੱਧ ਹੈ। ਨਸਲਵਾਦ ਅਤੇ ਜ਼ੇਨੋਫੋਬੀਆ (ਅਜਨਬੀਆਂ ਤੋਂ ਡਰ) ਗ਼ੈਰ-ਕਾਨੂੰਨੀ ਵੀ ਹਨ। ਬਦਕਿਸਮਤੀ ਨਾਲ, ਕਾਨੂੰਨਾਂ ਦੇ ਬਾਵਜੂਦ ਇਨ੍ਹਾਂ ਕਿਸਮਾਂ ਦਾ ਭੇਦਭਾਵ ਅਜੇ ਵੀ ਹੋ ਸਕਦਾ ਹੈ।**

**ਇਹ ਗਾਈਡ ਕਾਨੂੰਨੀ ਉਹਨਾਂ ਸੁਰੱਖਿਆਵਾਂ ਦਾ ਸੰਖੇਪ ਵਰਣਨ ਪ੍ਰਦਾਨ ਕਰਦੀ ਹੈ, ਜੇ ਤੁਹਾਡੇ ਨਾਲ ਭੇਦਭਾਵ ਕੀਤਾ ਜਾਂਦਾ ਹੈ ਤਾਂ ਸਹਾਇਤਾ ਲਈ ਪਹੁੰਚ ਕਿੱਥੇ ਕਰਨੀ ਹੈ ਅਤੇ ਸ਼ਿਕਾਇਤ ਕਿਵੇਂ ਕਰਨੀ ਹੈ।**

### ਆਸਟ੍ਰੇਲੀਆ ਅਤੇ ਤਸਮਾਨੀਆ ਦੇ ਕਾਨੂੰਨੀ ਅਧਿਕਾਰ ਅਤੇ ਸੁਰੱਖਿਆ:

**1.** ਜਿਨਸੀ ਰੁਝਾਨ, ਲਿੰਗ ਪਛਾਣ ਅਤੇ ਪ੍ਰਗਟਾਵੇ, ਲਿੰਗ ਵਿਸ਼ੇਸ਼ਤਾਵਾਂ, ਨਸਲ ਅਤੇ ਹੋਰਾਂ ਵਿੱਚ ਸਹਿਜ ਭਿੰਨਤਾਵਾਂ ਦੇ ਕਾਰਨ ਭੇਦਭਾਵ ਕਰਨਾ ਗ਼ੈਰ-ਕਾਨੂੰਨੀ ਹੈ। ਇਹ ਸੁਰੱਖਿਆਵਾਂ ਭੇਦਭਾਵ ਵਿਰੋਧੀ ਐਕਟ 1998 (Tas), ਮਨੁੱਖੀ ਅਧਿਕਾਰ (ਜਿਨਸੀ ਵਿਵਹਾਰ) ਐਕਟ ਅਤੇ ਲਿੰਗ ਭੇਦਭਾਵ ਸੋਧ ਐਕਟ 2013 ਦੁਆਰਾ ਲਾਗੂ ਕੀਤੀਆਂ ਗਈਆਂ ਹਨ।

**2.** ਸਮਲਿੰਗੀ ਅਤੇ ਵਿਰੋਧੀ ਲਿੰਗ ਦੇ ਰਿਸ਼ਤਿਆਂ ਵਿੱਚ ਬਾਲਗਾਂ ਨੂੰ 'ਇਕੱਠੇ ਰਹਿ ਰਹੇ' ਜੋੜਿਆਂ ਦੇ ਬਰਾਬਰ ਦੇ ਅਧਿਕਾਰ ਹਨ। ਉਨ੍ਹਾਂ ਨੂੰ ਰਿਸ਼ਤਾ ਰਜਿਸਟਰ ਕਰਨ, ਵਿਆਹ ਕਰਨ ਅਤੇ ਜਨਮ ਦੇਣ, ਗੋਦ ਲੈਣ ਅਤੇ ਦੂਸਰੇ ਦੀ ਕੁੱਖ ਦੁਆਰਾ ਬੱਚੇ ਪੈਦਾ ਕਰਨ ਦਾ ਅਧਿਕਾਰ ਹੈ। ਇਹ ਅਧਿਕਾਰ ਵੱਖ-ਵੱਖ ਕਾਨੂੰਨਾਂ ਦੁਆਰਾ ਲਾਗੂ ਕੀਤੇ ਗਏ ਹਨ ਜਿਨ੍ਹਾਂ ਵਿੱਚ ਰਿਲੇਸ਼ਨਸ਼ਿਪ ਐਕਟ 2003 (Tas), ਗੋਦ ਲੈਣ ਦਾ ਐਕਟ 1988 (Tas), ਅਤੇ ਵਿਆਹ ਸੋਧ ਐਕਟ 2017 ਸ਼ਾਮਲ ਹਨ।

### LGBTIQA+ ਸਹਿਯੋਗੀ

- ਸਹਿਯੋਗੀ ਉਹ ਲੋਕ ਹੁੰਦੇ ਹਨ ਜੋ ਖੁਦ LGBTIQA+ ਵਜੋਂ ਪਛਾਣ ਨਹੀਂ ਰੱਖਦੇ ਹਨ ਪਰ ਜੋ ਭਾਈਚਾਰੇ ਵਿੱਚ LGBTIQA+ ਲੋਕਾਂ ਦਾ ਸਮਰਥਨ ਕਰਦੇ ਹਨ ਅਤੇ ਉਨ੍ਹਾਂ ਨਾਲ ਖੜ੍ਹੇ ਹੁੰਦੇ ਹਨ।
- ਇਹ ਤੁਸੀਂ ਹੋ ਵੀ ਸਕਦੇ ਹੋ, ਮਦਦ ਤੱਕ ਪਹੁੰਚ ਕਰਨ ਲਈ ਆਪਣੇ ਪਰਿਵਾਰ ਅਤੇ ਦੋਸਤਾਂ ਦੀ ਸਹਾਇਤਾ ਕਰ ਸਕਦੇ ਹੋ, ਜਾਂ ਜਦੋਂ ਉਹ ਭੇਦਭਾਵ ਦਾ ਸਾਹਮਣਾ ਕਰਦੇ ਹਨ ਤਾਂ ਉਨ੍ਹਾਂ ਲਈ ਖੜ੍ਹੇ ਹੋ ਸਕਦੇ ਹੋ।
- ਹਰ ਕਿਸੇ ਲਈ ਇਹ ਮਹੱਤਵਪੂਰਨ ਹੈ ਕਿ ਉਹ LGBTIQA+ ਲੋਕਾਂ ਦੁਆਰਾ ਦਰਪੇਸ਼ ਮੁੱਦਿਆਂ ਅਤੇ ਚੁਣੌਤੀਆਂ ਬਾਰੇ ਆਪਣੇ ਆਪ ਨੂੰ ਸਿੱਖਿਅਤ ਕਰਨ ਅਤੇ ਸਰਗਰਮ ਸਮਰਥਕ ਬਣਨ ਦੀ ਦਿਸ਼ਾ ਵਿੱਚ ਕੰਮ ਕਰਨ।

### ਸ਼ਿਕਾਇਤ ਕਰਨ ਲਈ ਸਹਾਇਤਾ ਕਰਨਾ:

- ਤੁਸੀਂ ਭੇਦਭਾਵ ਦੀ ਰਿਪੋਰਟ ਇਕੂਅਲ ਓਪਰਚੂਨਿਟੀ ਤਸਮਾਨੀਆ (Equal Opportunity Tasmania) ਨੂੰ ਕਰ ਸਕਦੇ ਹੋ।
- ਪ੍ਰਵਾਸੀ ਸਰੋਤ ਕੇਂਦਰ (ਮਾਈਗਰੈਂਟ ਰਿਸੋਰਸਜ਼ ਸੈਂਟਰ) ਤਸਮਾਨੀਆ (ਰਾਜ ਵਿਆਪੀ) ਅਤੇ
- ਵਰਕਿੰਗ ਇਟ ਆਊਟ (ਰਾਜ ਵਿਆਪੀ) ਤੁਹਾਡੇ ਵੀਜ਼ਾ ਜਾਂ ਪ੍ਰਵਾਸ ਦੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਸ਼ਿਕਾਇਤ ਕਰਨ ਵਿੱਚ ਵੀ ਤੁਹਾਡੀ ਸਹਾਇਤਾ ਕਰ ਸਕਦਾ ਹੈ।

### ਸਹਾਇਤਾ ਸੇਵਾਵਾਂ:

**ਵਰਕਿੰਗ ਇਟ ਆਊਟ (Working It Out):** ਸਾਰੇ LGBTIQA+ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮੁਫ਼ਤ ਜਾਣਕਾਰੀ, ਸਹਾਇਤਾ ਅਤੇ ਵਕਾਲਤੀ ਸੇਵਾਵਾਂ। ਰਾਜ ਵਿਆਪੀ। www.workingitout.org.au

**ਇਕੂਅਲ ਓਪਰਚੂਨਿਟੀ ਤਸਮਾਨੀਆ (Equal Opportunity Tasmania):** ਤਸਮਾਨੀਆ ਵਿੱਚ ਰਹਿਣ ਵਾਲੇ ਜਾਂ ਫੇਰੀ ਪਾਉਣ ਵਾਲੇ ਕਿਸੇ ਵੀ ਵਿਅਕਤੀ ਲਈ ਭੇਦਭਾਵ ਵਿਰੋਧੀ ਐਕਟ (Tas) ਦਾ ਪ੍ਰਬੰਧਨ ਕਰਦਾ ਹੈ www.equalopportunity.tas.gov.au

**QLife:** ਆਸਟ੍ਰੇਲੀਆ ਭਰ ਦੇ ਲੋਕਾਂ ਲਈ ਗੁੰਮਨਾਮ ਅਤੇ ਮੁਫ਼ਤ LGBTIQA+ ਸਾਥੀ ਸਹਾਇਤਾ ਅਤੇ ਅੱਗੇ ਭੇਜਣ ਲਈ ਸਿਫ਼ਾਰਸ਼। QLife ਦੁਭਾਸ਼ੀਏ ਦੀ ਵਰਤੋਂ ਕਰ ਸਕਦਾ ਹੈ। ਸਾਰੇ ਲੋਕ ਵੀਜ਼ਾ ਅਤੇ ਪ੍ਰਵਾਸ ਦੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ QLife ਤੱਕ ਪਹੁੰਚ ਕਰ ਸਕਦੇ ਹਨ। www.qlife.org.au

**LGBTIQA+ ਪੁਲਿਸ ਸੰਪਰਕ ਅਧਿਕਾਰੀ:** ਅਪਰਾਧਾਂ ਅਤੇ ਜ਼ੁਰਮਾਂ ਬਾਰੇ LGBTIQA+ ਲੋਕਾਂ ਨੂੰ ਨਿੱਜੀ ਸਲਾਹ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ, ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਪੁਲਿਸ ਨੂੰ ਕੀਤੀਆਂ ਗਈਆਂ ਰਿਪੋਰਟਾਂ 'ਤੇ ਉਚਿਤ ਕਾਰਵਾਈ ਕੀਤੀ ਜਾਵੇ। www.police.tas.gov.au/what-we-do/lgbti-liaison-officers

**ਤਸਮਾਨੀਅਨ ਸ਼ਰਨਾਰਥੀ ਕਾਨੂੰਨੀ ਸੇਵਾ (Tasmanian Refugee Legal Service):** ਤਸਮਾਨੀਆ ਦੇ ਅੰਦਰ ਕਿਸੇ ਵੀ ਵਿਅਕਤੀ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰਦੀ ਹੈ ਜੋ LGBTIQA+ ਹੋਣ ਦੇ ਅਧਾਰ ਤੇ ਸੁਰੱਖਿਆ ਵੀਜ਼ਾ ਲਈ ਅਰਜ਼ੀ ਦੇਣਾ ਚਾਹੁੰਦਾ ਹੈ। www.trls.org.au

**ਮਾਈਗਰੈਂਟ ਰਿਸੋਰਸਜ਼ ਸੈਂਟਰ (Migrant Resource Centre Tasmania):** ਵਿਅਕਤੀਆਂ, ਪਰਿਵਾਰਾਂ ਅਤੇ ਯੁਵਾਵਾਂ ਲਈ ਗੁਪਤ ਵਸੇਬਾ ਸਹਾਇਤਾ ਪ੍ਰਦਾਨ ਕਰਦਾ ਹੈ। www.mrctas.org.au


**ਇਹ ਪ੍ਰੋਗਰਾਮ ਨੂੰ ਇਨ੍ਹਾਂ ਦੁਆਰਾ ਸਹਿਯੋਗ ਦਿੱਤਾ ਗਿਆ ਹੈ:**

SIDNEY MYER FUND

PRIDE FOUNDATION AUSTRALIA


migrant resource centre TASMANIA

working it out